March 2016)
Mr. Sanjeev
nsion or for
d before

## ਦਸਮੇਸ਼ ਹਸਪਤਾਲ ਤਲਵੰਡੀ ਰੋਡ ਫਰੀਦਕੋਟ ਵਿੱਚ ਕੈਮਿਸਟ ਦੀ ਦੁਕਾਨ ਦੀ ਅਲਾਟਮੈਟ ਲਈ ਇਕਰਾਰਨਾਮਾ

ਪਟੇ ਦੀ ਇਸ ਲਿਖਤ ਅਨੁਸਾਰ ਲਾਇਸੰਸਦਾਤਾ ਡਾਇਰੈਕਟਰ, ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਡ ਡੈਂਟਲ ਸਾਇੰਸਜ਼, ਫਰੀਦਕੋਟ ਵੱਲੋ ਸ੍ਰੀਮਤੀ ਪੂਨਮ ਪਤਨੀ ਸੰਜੀਵ ਜੁਨੇਜਾ ਵਾਸੀ ਰੁਆਇਲ ਸਿਟੀ ਫਰੀਦਕੋਟ ਲਾਇਸੰਸੀ ਨੂੰ ਮਿਤੀ 01.04.2019 ਤੋ 31.03.2020 ਤੱਕ ਕੈਮਿਸਟ ਸ਼ਾਪ ਦਾ ਠੇਕਾ ਦਿੱਤਾ ਜਾਦਾ ਹੈ।

ਜਦੋ ਕਿ ਲਾਇਸੰਸੀ ਕਾਰੋਬਾਰ ਲਈ ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਡ ਡੈਟਲ ਸਾਇੰਸਜ਼, ਫਰੀਦਕੋਟ ਦੇ ਅਹਾਤੇ ਵਿੱਚ ਦਵਾਈਆਂ ਦੀ ਦੁਕਾਨ ਚਲਾਉਣਾ ਚਾਹੁੰਦਾ ਹੈ।

ਅਤੇ

ਜਦਕਿ ਲਾਇਸੰਸੀ ਨੇ ਲਾਇਸੰਸਦਾਤਾ ਨੂੰ ਇਸ ਸੰਸਥਾ ਦੇ ਅਹਾਤੇ ਵਿੱਚ ਉੱਕਤ ਕਾਰੋਬਾਰ ਲਈ ਇੱਕ ਕਮਰਾ ਪ੍ਰਦਾਨ ਕਰਨ ਦੀ ਬੇਨਤੀ ਕੀਤੀ ਹੈ ਅਤੇ ਲਾਇਸੰਸਦਾਤਾ ਨੇ ਇਹ ਬੇਨਤੀ ਪ੍ਰਵਾਨ ਕਰਕੇ ਲਾਇਸੰਸੀ ਨੂੰ ਉਕਤ ਕਾਰੋਬਾਰ ਲਈ ਇਸ ਸੰਸਥਾ ਦੇ ਅਹਾਤੇ ਵਿੱਚ ਪਹਿਲੇ ਹੀ ਚੱਲ ਰਹੀ ਦੁਵਾਈਆਂ ਦੀ ਦੁਕਾਨ ਵਾਲਾ ਕਮਰਾ 1.04.2019 ਤੋ 31.03.2020 ਤੱਕ ਦੇਣਾ ਮੰਨ ਲਿਆ ਹੈ।

ਅਤੇ

ਲਾਇਸੰਸਦਾਤਾ ਲਾਇਸੰਸੀ ਨੂੰ ਇਸ ਸੰਸਥਾ ਦੇ ਅਹਾਤੇ ਵਿੱਚ ਉੱਕਤ ਕਾਰੋਬਾਰ ਲਈ ਲੋੜੀਦਾ ਕਮਰਾ ਦੇਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਸਹਿਮਤ ਹੈ ਅਤੇ ਇਹ ਲਿਖਤ ਹੇਠ ਲਿਖੇ ਅਨੁਸਾਰ ਸ਼ਾਖੀ ਭਰਦੀ ਹੈ:

1 ਲਾਇਸੰਸਦਾਤਾ ਲਾਇਸੰਸੀ ਨੂੰ ਪਟਾ ਮਨਜੂਰ ਕਰਦਾ ਹੈ ਅਤੇ ਲਾਇਸੰਸੀ ਨੂੰ ਪਹਿਲਾਂ ਚੱਲ ਰਹੀ ਦਵਾਈਆਂ ਦੀ ਦੁਕਾਨ ਵਾਲੀ ਥਾਂ ਵਿੱਚ ਕਮਿਸਟ ਦੀ ਦੁਕਾਨ ਚਲਾਉਣ ਦੀ ਆਗਿਆ ਦਿੰਦਾ ਹੈ।
2 ਲਾਇਸੰਸੀ ਲਾਇਸੰਸਦਾਤਾ ਪਾਸ ਇਸ ਦੁਕਾਨ ਦੇ ਕਿਰਾਏ ਵਜੋ ਮਿਤੀ 1.04.2019 ਤੋ 31.03.2020 ਤੱਕ 12000/- ਰੁਪਏ ਪ੍ਰਤੀ ਮਹੀਨਾ ਕਰਾਇਆ ਅਤੇ 1000 ਰੁਪਏ ਪ੍ਰਤੀ ਮਹੀਨਾਂ ਕੂੜਾ ਕਰਕਟ ਉਠਾਣ ਦੇ ਖਰਚੇ ਦੇ ਹਰ ਮਹੀਨੇ ਦੀ 10 ਤਰੀਕ ਤੱਕ ਜਮ੍ਹਾਂ ਕਰਵਾਏਗਾ।
3 ਸਮੇ ਸਿਰ ਕਿਸ਼ਤ ਜਮ੍ਹਾਂ ਨਾ ਕਰਾਉਣ ਤੇ ਬਿਨਾਂ ਕਿਸੇ ਨੋਟਿਸ ਦਿੱਤੇ ਉਸਦਾ ਠੇਕਾ ਮਨਸੂਖ ਕਰ ਦਿੱਤਾ ਜਾਵੇਗਾ।

For Juneja Medichem

Prop.

ਦਸਮੇਸ਼ ਇੰਸਟੀਚਿਊਟ ਆਫ
ਰੀਸਰਚ ਐਡ ਡੈਂਟਲ ਸਾਇੰਸਜ਼
ਫ਼ਰੀਦਕੋਟ।

4 ਲਾਇਸੰਸੀ ਬਿਜਲੀ ਅਤੇ ਪਾਣੀ ਦਾ ਖਰਚਾ ਉਸ ਵੱਲੋ ਕੀਤੀ ਗਈ ਖਪਤ ਅਨੁਸਾਰ ਆਪ ਅਦਾ ਕਰੇਗਾ।

5 ਦਵਾਈਆਂ ਦੀ ਦੁਕਾਨ ਉਸੇ ਦੁਕਾਨ ਵਿੱਚ ਹੋਵੇਗੀ ਜਿਸ ਵਿੱਚ ਇਹ ਇਸ ਸਮੇ ਚੱਲ ਰਹੀ ਹੈ।

6 ਲਾਇਸੰਸੀ ਇਸ ਥਾਂ ਵਿੱਚ ਕੋਈ ਅਦਲ੍ਬਦਲੀ, ਵਾਧਾ ਜਾਂ ਹੋਰ ਕੋਈ ਵੀ ਬਦਲਾਵ ਨਹੀ ਕਰੇਗਾ ਅਤੇ ਨਾਂ ਹੀ ਅੱਗੇ ਕਿਸੇ ਹੋਰ ਵਿਅਕਤੀ ਨੂੰ ਕਿਰਾਏ ਆਦਿ ਤੇ ਦੇਵੇਗਾ।

7 ਲਾਇਸੰਸੀ ਪਾਸ ਦਵਾਈਆਂ ਦੀ ਦੁਕਾਨ ਚਲਾਉਣ ਦਾ ਸਮਰੱਥ ਅਧਿਕਾਰੀ ਦਾ ਸਰਟੀਫੀਕੇਟ ਹੋਣਾ ਜਰੂਰੀ ਹੈ।

8 ਦਵਾਈਆਂ ਦੀ ਦੁਕਾਨ ਲਾਇਸੰਸੀ ਨੂੰ 24 ਘੰਟੇ ਖੁੱਲੀ ਰੱਖਣੀ ਪਵੇਗੀ।

9 ਲਾਇਸੰਸੀ ਪ੍ਰਮਾਨਿਤ ਦਵਾਈਆਂ ਹੀ ਸਮਰੱਥ ਡਾਕਟਰ ਵਲੋ ਜਾਰੀ ਕੀਤੀ ਗਈ ਸਲਿੱਪ ਅਨੁਸਾਰ ਵੇਚੇਗਾ ਅਤੇ ਖਰੀਦਦਾਰ ਨੂੰ ਕੰਪਿਊਟਰਾਈਜਡ ਬਿੱਲ ਜਾਰੀ ਕਰੇਗਾ। ਕੋਈ ਵੀ ਨਸ਼ੀਲੀ ਦਵਾਈ ਜਾਂ ਨਸ਼ੀਲਾ ਪਦਾਰਥ ਨਹੀ ਵੇਚੇਗਾ।

10 ਲਾਇਸੰਸੀ ਲਾਇਸੰਸਦਾਤਾ ਨੂੰ 15000 ਰੁਪਏ ਸਕਿਊਰਟੀ ਜਮ੍ਹਾਂ ਕਰਵਾਏਗਾ ਜੋ ਠੇਕੇ ਦੀ ਮਿਆਦ ਪੂਰੀ ਹੋਣ ਉਪਰੰਤ ਬਿਨਾਂ ਕਿਸੇ ਵਿਆਜ ਦੇ ਉਸ ਨੂੰ ਵਾਪਸ ਕੀਤੀ ਜਾਵੇਗੀ। ਇਕਰਾਰਨਾਮੇ ਦੀ ਕਿਸੇ ਸ਼ਰਤ ਦੀ ਉਲੰਘਣਾ ਕਰਨ ਤੇ ਸਕਿਊਰਟੀ ਦੀ ਰਕਮ ਲਾਇਸੰਸਦਾਤਾ ਜ਼ਬਤ ਕਰਨ ਦਾ ਹੱਕਦਾਰ ਹੋਵੇਗਾ।

11 ਠੇਕੇ ਦੀ ਇੱਕ ਸਾਲ ਦੀ ਮਿਆਦ ਪੂਰੀ ਹੋਣ ਤੇ ਲਾਇਸੰਸੀ ਇਸ ਥਾਂ ਨੂੰ ਆਪਣੇ ਆਪ ਖਾਲੀ ਕਰ ਦੇਵੇਗਾ ਅਤੇ ਕਬਜ਼ਾ ਲਾਇਸੰਸਦਾਤਾ ਨੂੰ ਦੇ ਦੇਵੇਗਾ। ਬੇਦਖਲੀ ਲਈ ਹੋਰ ਕਿਸੇ ਨੋਟਿਸ ਦੀ ਲੋੜ ਨਹੀ ਹੋਵੇਗੀ।

12 ਲਾਇਸੰਸੀ ਜੋ ਵੀ ਕਰਿੰਦਾ ਰੱਖੇਗਾ ਉਹ ਕਰਿੰਦਾ ਅਤੇ ਲਾਇਸੰਸੀ ਆਪ ਅਨੁਸ਼ਾਸ਼ਨ ਵਿੱਚ ਰਹੇਗਾ ਅਤੇ ਹਸਪਤਾਨ ਜਾਂ ਕਾਲਜ ਵਿੱਚ ਕਿਸੇ ਕਿਸਮ ਦੀ ਕੋਈ ਅਜਿਹੀ ਹਰਕਤ ਨਹੀ ਕਰੇਗਾ ਜਿਸ ਨਾਲ ਮਾਹੋਲ ਖਰਾਬ ਹੋਵੇ। ਲਾਇਸੰਸੀ ਪਾਸ ਕੋਈ ਵਾਧੂ ਆਦਮੀ ਬਿਨਾਂ ਜਰੂਰੀ ਕੰਮ ਤੋ ਦੁਕਾਨ ਵਿੱਚ ਨਹੀ ਆਵੇਗਾ ਜਾਂ ਬੈਠੇਗਾ।

ਦੋਹਾਂ ਧਿਰਾਂ ਨੇ ਹੇਠ ਲਿਖੇ ਗਵਾਹਾਂ ਦੇ ਸਾਹਮਣੇ ਅਤੇ ਹੇਠ ਦਰਜ ਮਿਤੀ ਨੂੰ ਆਪਣੇ ਦਸਖਤ ਕੀਤੇ।

1 ਗਵਾਹ Nandak ... ਲਾਇਸੰਸਦਾਤਾ ... ਲਾਇਸੰਸੀ

ਦਸਮੇਸ਼ ਇੰਸਟੀਚਿਊਟ ਆਫ ਰੀਸਰਚ ਐਂਡ ਡੈਂਟਲ ਸਾਇੰਸਜ਼ ਫਰੀਦਕੋਟ।

For Suneja Medi...

Prop.

2 ਗਵਾਹ